International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2022; 4(2): 105-107
Received: 22-06-2022
Accepted: 25-07-2022

**ਰੁਪਿੰਦਰ ਕੌਰ**
ਖੋਜਾਰਥੀ,
ਰਿਮਟ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ, ਪੰਜਾਬ,
ਭਾਰਤ

**Corresponding Author:**
**ਰੁਪਿੰਦਰ ਕੌਰ**
ਖੋਜਾਰਥੀ,
ਰਿਮਟ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ, ਪੰਜਾਬ,
ਭਾਰਤ

# ਸਵਰਾਜਬੀਰ ਰਚਿਤ ਮੱਸਿਆ ਦੀ ਰਾਤ: ਮਨੋਵਿਗਿਆਨਕ ਚਿਹਨ ਜੁਗਤ

**ਰੁਪਿੰਦਰ ਕੌਰ**

ਮੱਸਿਆ ਦੀ ਰਾਤ ਨਾਟਕ ਦੀ ਮਨੋਵਿਗਿਆਨਕ ਚਿਹਨ ਜੁਗਤ ਦੇ ਪਾਸਾਰ ਵਿਅਕਤੀਗਤ ਮਾਨਸਿਕਤਾ ਤੋਂ ਲੈ ਕੇ ਸਮੂਹਿਕ ਮਾਨਸਿਕਤਾ ਤੱਕ ਫੈਲਦੇ ਹਨ। ਮਾਨਸਿਕ ਪ੍ਰਸੰਗ ਵਿੱਚ ਮੱਸਿਆ ਦਾ ਚਿਹਨ ਅਗਿਆਨਤਾ ਅਤੇ ਸੰਵੇਦਨਹੀਨਤਾ ਦੇ ਹਨੇਰੇ ਦਾ ਸੂਚਕ ਹੈ। ਨਾਟਕੀ ਪਾਠ ਵਿੱਚ ਇਹ ਮਾਨਸਿਕ ਹਨੇਰਾ ਪੁੱਤਰ ਦੀ ਅਪ੍ਰਾਪਤੀ ਦੇ ਸੰਦਰਭ ਵਿਚ ਆਪਣੇ ਅਰਥ ਉਜਾਗਰ ਕਰਦਾ ਹੈ। ਇਹ ਹਨੇਰਾ ਮਾਨਸਿਕ ਰੂਪ ਵਿਚ ਉਦੋਂ ਹੋਰ ਵੀ ਡੂੰਘਾ ਹੋ ਜਾਂਦਾ ਹੈ ਜਦੋਂ ਕੁਲ ਨੂੰ ਵਧਾਉਣ ਵਾਲੇ, ਇੱਜ਼ਤ ਨੂੰ ਵਧਾਉਣ ਵਾਲੇ ਇਥੋਂ ਤੱਕ ਕਿ ਮਰਨ ਉਪਰੰਤ ਲਾਂਬੂ ਫੂਕਣ ਵਾਲੇ ਦੀ ਅਪ੍ਰਾਪਤੀ ਹੁੰਦੀ ਹੈ। ਮਨੁੱਖੀ ਮਨ ਦੀ ਤ੍ਰਾਸਦੀ ਇਹ ਹੈ ਕਿ ਉਹ ਭਾਵੇਂ ਅੱਜ ਦੇ ਉੱਤਰ-ਆਧੁਨਿਕ ਯੁੱਗ ਵਿਚ ਪਹੁੰਚ ਚੁੱਕਿਆ ਹੈ ਪਰ ਲਗਦੀ ਵਾਹ ਆਪਣਾ ਪਿਛੋਕੜ ਅਤੇ ਪਿਛੋਕੜ ਵਿਚ ਪਈਆਂ ਰੀਤਾਂ ਕੁਰੀਤਾਂ ਨੂੰ ਨਹੀਂ ਤਿਆਗ ਪਾਇਆ। ਪੁੱਤਰ ਪ੍ਰਾਪਤੀ ਦੀ ਜਿਗਿਆਸਾ ਵੀ ਇਕ ਕੁਰੀਤੀ ਦਾ ਰੂਪ ਧਾਰਨ ਕਰ ਸਮਾਜ ਨੂੰ ਘੋਰ ਹਨੇਰੀ ਰਾਤ ਦੀਆਂ ਡੂੰਘਾਈਆਂ ਦੇ ਅੰਨੇ-ਖੂਹ ਵਿਚ ਸੁੱਟ ਰਹੀ ਹੈ।

ਮੱਸਿਆ ਦੀ ਰਾਤ ਨਾਟਕ ਵਿਚ ਵਰਤੇ ਗਏ ਮਾਨਸਿਕ ਚਿਹਨਾਂ ਨੂੰ ਜਦੋਂ ਅਸੀਂ ਪਛਾਣਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਮਨੁੱਖੀ ਮਾਨਸਿਕਤਾ ਵਿਚ ਪੁੱਤਰ ਪ੍ਰਾਪਤੀ ਦੀ ਲਾਲਸਾ ਸਦੀਆਂ ਤੋਂ ਬਿਰਾਜਮਾਨ ਹੈ। ਨਾਟਕ ਦੀ ਪਾਤਰ ਚੰਨੋ ਦੇ ਚੇਤਨ, ਅਵਚੇਤਨ ਮਨ ਉਪਰ ਪਿਤਰੀ ਸਮਾਜ ਦਾ ਕਬਜ਼ਾ ਹੈ।ਇਸ ਤਰ੍ਹਾਂ ਉਸ ਦੀ ਸੋਚ ਵਿਚ ਵੀ ਅਜਿਹੀ ਪ੍ਰਵਿਰਤੀ ਪੈਦਾ ਹੋ ਰਹੀ ਹੈ। ਧੀ ਨੂੰ ਪੱਥਰ ਕਹਿਣਾ, ਧੀ ਦਾ ਜੰਮਣਾ ਅਸ਼ੁਭ ਜਾਂ ਜੋ ਔਰਤ ਪੁੱਤਰ ਨਹੀਂ ਜੰਮਦੀ ਉਸਨੂੰ ਅਸ਼ੁਭ ਸਮਝਣਾ ਆਦਿ ਚਿਹਨ ਸਾਡੀ ਮਾਨਸਿਕਤਾ ਵਿਚ ਪਈ ਪੁੱਤਰ ਪ੍ਰਾਪਤੀ ਦੀ ਲਾਲਸਾ ਦਾ ਪ੍ਰਦਰਸ਼ਨ ਕਰਦੇ ਹਨ। ਤੇਜ ਕੌਰ ਆਪਣੀ ਮਨ ਦੀ ਅਵਸਥਾ ਨੂੰ ਗੀਤ ਰਾਹੀਂ ਬਿਆਨ ਕਰਦੀ ਹੈ:

**ਤੇਜ ਕੌਰ: (ਗੁਣਗੁਣਾਉਂਦੀ ਹੋਈ)**
**ਚੰਨ ਚੜ੍ਹਿਆ ਮਹੀਨਾ ਪੋਹ**
**ਕਿਸੇ ਦਾ ਲਾਲ ਲਿਆਈਏ ਖੋ**
**ਲੱਭਣ ਆਏ ਤਾਂ ਲਈਏ ਲੁਕੋ**
**ਮੰਗਣ ਆਏ ਤੇ ਪਈਏ ਰੋ**
**ਚੰਨ ਚੜ੍ਹਿਆ ਮਹੀਨਾ ਪੋਹ** |[1]

ਇਸ ਤਰ੍ਹਾਂ ਨਾਟਕ ਦੀ ਪਾਤਰ ਤੇਜ ਕੌਰ ਦੀ ਮਾਨਸਿਕਤਾ ਇਸ ਗੀਤ ਤੋਂ ਸਪੱਸ਼ਟ ਹੁੰਦੀ ਹੈ। ਪੁੱਤਰ ਨੂੰ ਪ੍ਰਾਪਤ ਕਰਨ ਲਈ ਕਿਸੇ ਦੇ ਪੁੱਤਰ ਨੂੰ ਆਪਣਾ ਬਣਾਉਣ ਦੀ ਤਾਂਘ ਦਿਖਾਈ ਦਿੰਦੀ ਹੈ। ਆਪਣੇ ਘਰ ਨੂੰ ਸੁਖੀ ਬਣਾਉਣ ਦੀ ਖਾਤਰ ਸਾਡੀ ਮਾਨਸਿਕਤਾ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਪੁੱਤਰ ਤੋਂ ਬਿਨਾਂ ਘਰ ਵਿਚ ਸੁਖ ਨਹੀਂ ਆ ਸਕਦਾ। ਇਸੇ ਤਰ੍ਹਾਂ ਨਾਟਕ ਦੇ ਪਹਿਲੇ ਦ੍ਰਿਸ਼ ਵਿਚ ਕੁਝ ਕੁੜੀਆਂ ਤੇ ਤੀਵੀਆਂ ਗੀਤ ਬੋਲਦੀਆਂ ਹਨ।

**ਸੁਣ ਨੀ ਕੁੜੀਏ ਸੰਮੀਏ।**
**ਨੀ ਗਿੱਗਾ ਕਿਵੇਂ ਜੰਮੀਏ।**[2]

ਇਸ ਗੀਤ ਵਿਚ ਵਰਤਿਆ ਗਿਆ ਚਿਹਨ ਗਿੱਗਾ ਔਰਤ ਦੀ ਉਸ ਮਾਨਸਿਕਤਾ ਦੀ ਗੱਲ ਕਰਦਾ ਹੈ ਜਿਸ ਵਿਚ ਪੁੱਤਰ ਪ੍ਰਾਪਤੀ ਦੀ ਇੱਛਾ ਤੋਂ ਲੈ ਕੇ ਉਸ ਦੇ ਵਿਆਹ ਤਕ ਦੇ ਸਾਰੇ ਚਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ ਪਰੰਤੂ ਜਦੋਂ ਅਚਾਨਕ ਸੁਪਨਾ ਟੁੱਟਦਾ ਹੈ ਤਾਂ ਉਹ ਸਟੇਜ ਤੋਂ ਅਲੋਪ ਹੋ ਜਾਂਦੀਆਂ ਹਨ। ਇਸ ਤੋਂ ਭਾਵ ਕਿ ਜਿੰਨਾਂ ਚਿਰ ਉਸ ਦੀ ਮਾਨਸਿਕਤਾ ਪੁੱਤਰ ਨੂੰ ਪ੍ਰਾਪਤ ਕਰਨ ਵਿਚ ਲੱਗੀ ਰਹਿੰਦੀ ਹੈ ਤਾਂ ਗੀਤ ਬੋਲਦੀ ਹੈ ਪਰ ਜਦੋਂ ਪੁੱਤਰ ਦੀ ਥਾਂ ਧੀ ਜਨਮ ਲੈਂਦੀ ਹੈ ਤਾਂ ਉਹ ਸਟੇਜ ਸੁੰਨੀ ਛੱਡ ਕੇ ਦੁਖਾਂਤਕ ਅਵਸਥਾ ਦਾ ਸਫ਼ਰ ਤੈਅ ਕਰਦੀ ਪ੍ਰਤੀਤ ਹੁੰਦੀ ਹੈ। ਜਦੋਂ ਚੰਨੋ ਦੀ ਕੁੱਖ ਹਰੀ ਹੁੰਦੀ ਹੈ ਤਾਂ ਉਹ ਮਨ ਹੀ ਮਨ ਮਹਿਸੂਸ ਕਰਦੀ ਹੈ ਕਿ ਉਸਦੀ ਕੁੱਖ ਵਿਚ ਇਸ ਵਾਰੀ ਪੁੱਤਰ ਹੀ ਪਲ ਰਿਹਾ ਹੈ। ਚੰਨੋਂ ਆਪਣੇ ਆਪ ਨਾਲ ਗੱਲਾਂ ਕਰਦੀ ਨਜ਼ਰ ਆਉਂਦੀ ਹੈ:

**ਮੇਰੀ ਕੁੱਖ ਵਿਚ ਕੀ ਐ, ਕੌਣ ਦੱਸ ਸਕਦੀ। ਨਹੀਂ ਨਹੀਂ.... ਦੱਸਣਾ ਕੀਹਨੇ ਐ। ਮੈਨੂੰ ਤੇ ਪਤਾ ਐ... ਮੇਰੇ ਪੇਟ 'ਚ ਮੇਰਾ ਪੁੱਤਰ ਪਲ ਰਿਹਾ ਐ... ਮੈਨੂੰ ਉਸ ਦੀ ਆਹਟ ਸੁਣਾਈ ਦਿੰਦੀ ਏ।... ਇਹ ਗੱਲ ਪੱਕੀ ਏਂ... ਉਹ ਇਹ ਤਾਂ ਮੁੰਡਾ ਈ ਏ। ਮੇਰਾ ਪੁੱਤਰ ਏ ਮੇਰੇ ਪੇਟ ਵਿਚ।**[3]

ਦਰਅਸਲ ਪੁੱਤਰ ਪ੍ਰਾਪਤੀ ਦੀ ਲਾਲਸਾ ਵਿਚ ਅੰਨੇ ਹੋਏ ਪਰਿਵਾਰ ਨੇ ਧੀਆਂ ਵਿਚ ਇਕ ਕਿਸਮ ਦੀ ਸਵੈ-ਘ੍ਰਿਣਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਨੂੰ ਪੁੱਤਰ ਪੈਦਾ ਨਾ ਹੋਣ ਲਈ ਕਸੂਰਵਾਰ ਠਹਿਰਾਇਆ ਜਾਂਦਾ ਹੈ। ਇਸੇ ਸਵੈ-ਘ੍ਰਿਣਾ ਦੀ ਪ੍ਰਵਿਰਤੀ ਅਧੀਨ ਧੀਆਂ ਆਪਣੇ ਵੀਰ ਦੇ ਪੈਦਾ ਹੋਣ ਦੇ ਗੀਤ ਗਾਉਂਦੀਆਂ ਹਨ। ਜਗੀਰ ਸਿੰਘ ਦੀਆਂ ਧੀਆਂ ਆਪਣੇ ਵੀਰ ਦੇ ਆਉਣ ਦੀ ਲਾਲਸਾ ਵਿਚ ਗੀਤ ਗਾਉਦੀਆਂ ਤੇ ਨਾਚ ਕਰਦੀਆਂ ਹਨ ਕਿਉਂਕਿ ਉਨ੍ਹਾਂ ਦੇ ਘਰ ਦੇ ਹਾਲਾਤਾਂ ਨੇ ਉਨ੍ਹਾਂ ਦੀ ਮਾਨਸਿਕਤਾ ਵਿਚ ਵੀਰ ਦੇ ਜੰਮਣ 'ਤੇ ਖੁਸ਼ੀ ਪ੍ਰਗਟ ਹੋਣ ਦੇ ਭਾਵ ਕਰ ਦਿੱਤੇ ਹਨ:

**ਮੇਰੇ ਵੀਰ ਨੇ ਆਉਣਾ**
**ਘੋੜਾ ਪੀੜ ਕੇ ਆਉਣਾ**
**ਮੇਰੇ ਵੀਰ ਨੇ ਆਉਣਾ**
**ਨਦੀਆਂ ਚੀਰ ਕੇ ਆਉਣਾ**
**ਮੇਰੇ ਵੀਰ ਨੇ ਆਉਣਾ**
**ਮੇਰੇ ਵੀਰ ਨੇ ਆਉਣਾ ।**[4]

ਸਵਰਾਜਬੀਰ ਅਨੁਸਾਰ ਔਰਤ ਦੇ ਮਨ ਵਿਚ ਟਿਕੀ ਪੁੱਤਰ ਪ੍ਰਾਪਤੀ ਦੀ ਇੱਛਾ ਤੱਤਮੂਲਕ ਨਹੀਂ ਹੈ। ਭਾਵ ਇਹ ਉਸ ਦੀ ਆਪਣੀ ਮੌਲਿਕ ਇੱਛਾ ਨਹੀਂ ਹੈ। ਇਹ ਇੱਛਾ ਉਸ ਦੇ ਦਮਨ ਅਤੇ ਪ੍ਰਸਥਿਤੀਆਂ ਨਾਲ ਕੀਤੇ ਮਾਨਸਿਕ ਸਮਝੌਤੇ ਦੀ ਉਪਜ ਹੈ। ਸਵਰਾਜਬੀਰ ਦੇ ਸ਼ਬਦਾਂ ਵਿਚ:

**ਪੰਜਾਬੀ ਔਰਤਾਂ ਦੇ ਮਨ ਵਿਚਲੀ ਇਹ ਖਾਹਿਸ਼ (ਮਰਦ ਬੱਚੇ ਬਣਨ ਦੀ ਖਾਹਿਸ) ਤੱਤਮੂਲਕ ਹੈ ਜਾਂ ਤੱਤਮੂਲਕ ਬਣ ਗਈ ਹੈ। ਨਵਸ਼ਰਨ ਨੇ ਕਿਹਾ ਕਿ ਨਹੀਂ, ਇਹ ਤੱਤਮੂਲਕ ਨਹੀਂ ਹੈ, ਇਸ ਤਰ੍ਹਾਂ ਪੇਸ਼ ਜ਼ਰੂਰ ਕੀਤੀ ਜਾਂਦੀ ਹੈ। ਪੁੱਤਰ ਦੀ ਖ਼ਾਹਿਸ ਪੰਜਾਬੀ ਮਾਂ ਦੇ ਮਨ ਵਿਚ ਤੱਤਮੂਲਕ ਹੈ ਜਾਂ ਨਹੀਂ, ਮੈਂ ਇਨ੍ਹਾਂ ਦੋਹਾਂ ਵਿਰੋਧੀ ਵਿਚਾਰਾਂ ਦੇ ਵਿਚਕਾਰ ਕਾਫ਼ੀ ਭਟਕਿਆ ਹਾਂ। ਮੇਰੇ ਨਾਟਕ ਵਿਚ ਕਾਫ਼ੀ ਹੱਦ ਤਕ ਤੱਤਮੂਲਕ ਹੀ ਦਿਖਾਈ ਦਿੰਦੀ ਹੈ। ਪੰਜਾਬੀ ਔਰਤ ਦੀਆਂ ਤੜਪਦੀਆਂ ਆਂਦਰਾਂ 'ਚੋਂ ਉਠਦੀ ਆਵਾਜ਼, ਉਹਦੀ ਹੋਂਦ ਦਾ ਹਿੱਸਾ। ਇਸ ਤੋਂ ਬਿਨਾ ਉਹ ਅਧੂਰੀ ਹੈ ਪਰ ਹੌਲੀ-ਹੌਲੀ ਮੈਂ ਨਵਸ਼ਰਨ ਨਾਲ ਸਹਿਮਤ ਹੋਣ ਲੱਗਾ। ਇਹ ਖ਼ਾਹਿਸ ਤੱਤਮੂਲਕ ਹੈ ਨਹੀ ਪ੍ਰਤੀਤ ਹੁੰਦੀ ਹੈ। ਕਿਉਂ ਪ੍ਰਤੀਤ ਹੁੰਦੀ ਹੈ, ਸ਼ਾਇਦ ਇਸ ਲਈ ਕਿ ਇਹ ਤੱਤਮੂਲਕ ਖਾਹਿਸ਼ ਵਰਗੀ ਹੀ ਬਣਾ ਦਿੱਤੀ ਗਈ ਹੈ।**[5]

ਚੰਨੋ ਆਪਣੀ ਸੁਪਨਮਈ ਦੁਨੀਆ ਵਿਚ ਐਸੀ ਡੁੱਬ ਜਾਂਦੀ ਹੈ ਕਿ ਯਥਾਰਥ ਤੇ ਕਲਪਨਾ ਵਿਚ ਫ਼ਰਕ ਕਰਨ ਤੋਂ ਅਸਮਰੱਥ ਹੋ ਜਾਂਦੀ ਹੈ। ਚੰਨੋ ਦੀ ਮਾਨਸਿਕ ਅਵਸਥਾ ਇਸ ਤਰ੍ਹਾਂ ਦੀ ਹੋ ਜਾਂਦੀ ਹੈ ਕਿ ਉਹ ਸੁਪਨਿਆਂ ਨੂੰ ਵੀ ਸੱਚ ਮੰਨ ਕੇ ਆਪਣੇ ਪੁੱਤਰ ਦੀ ਹੋਂਦ ਨੂੰ ਮਹਿਸੂਸ ਕਰਦੀ ਹੈ:

**ਚੰਨੋ: ਹਾਂ, ਮੈਨੂੰ ਪੁੱਤ ਚਾਹੀਦਾ ਏ... ਪੁੱਤ... ਜਿਹੜਾ ਮੈਨੂੰ ਦਿਸਦਾ ਏ ...! ਮੈਂ ਤੇ ਉਹਦੇ ਨਕਸ਼ ਵੀ ਸਿਆਣਦੀ ਆ .. ਚੌੜਾ ਮੱਥਾ, ਤਿੱਖਾ ਨੱਕ, ਗਭਲੂ ਗਭਲੂ ਜਿਹੇ ਪੱਟ... ਹਾਂ, ਉਹੀ ਜਿਸ ਨੂੰ ਮੈਂ ਸੁਪਨਿਆ 'ਚ ਵਿਹੰਦੀ ਆ... ਦੂਰ ਤਾਰਿਆ 'ਚ, ਤਾਰਿਆ 'ਚ ਨਈਂ... ਦੂਰ ਅੰਬਰ ਵਿਚ ਤਾਰਿਆਂ ਤੋਂ ਵੀ ਪਰ੍ਹੇ। ਹੋਰ ਪਰ੍ਹੇ... ਬਹੁਤ ਦੂਰ... ਹਾਂ, ਮੈਨੂੰ ਪੁੱਤ ਚਾਹੀਦਾ ਏ।.... ਮੈਂ ਪੁੱਤਰ ਜੰਮਣਾ ਏ!... ਇਕ ਨਈਂ... ਮੈਂ ਤੇ ਕਈ ਪੁੱਤਰ ਜੰਮਣੇ ਨੇ।**[6]

ਪੁੱਤਰ ਪ੍ਰਾਪਤ ਕਰਨ ਦੀ ਤੀਬਰ ਇੱਛਾ ਤੇਜ ਕੌਰ ਦੀ ਮਾਨਸਿਕਤਾ ਵਿਚ ਸਾਫ਼ ਨਜ਼ਰ ਆਉਂਦੀ ਹੈ। ਤੇਜ ਕੌਰ ਵੀ ਹਰ ਹਾਲਤ ਵਿਚ ਆਪਣੇ ਘਰ ਪੋਤਰੇ ਦਾ ਮੂੰਹ ਦੇਖਣਾ ਚਾਹੁੰਦੀ ਹੈ। ਉਹ ਇਹ ਗੱਲ ਆਪਣੀ ਗੁਆਂਢਣ ਨਾਲ ਸਾਂਝੀ ਕਰਦੀ ਹੈ:

**ਤੈਨੂੰ ਪਤਾ ਐ... ਕੀ ਮਰ ਜਾਣਾ ਰੋਗ ਲੱਗ ਗਿਆ ਸੀ ਜਗੀਰ ਸਿਓ ਦੇ ਪਿਉ ਨੂੰ... ਕਿੰਨੀ ਦੇਰ ਪਿਛਲੀ ਕੋਠੜੀ 'ਚ ਪਿਐ ਰਿਹਾ... ਫੇਫੜੇ ਗਲ ਗਏ... ਕਿੰਨੀ ਸੇਵਾ ਕੀਤੀ ਮੈਂ... ਇਕ ਦਿਨ ਮੈਨੂੰ ਕਹਿਣ ਲੱਗਾ... ਪਈ ਮੇਰੇ ਕੋਲ ਬਹਿ, ਕੁਛ ਗੱਲ ਕਰਨੀ ਐਂ... ਮੈਂ ਕਿਹਾ ਦੱਸ ਕੀ ਐ ਤੇਰੇ ਦਿਲ 'ਚ ਕਹਿੰਦਾ ਹੁਣ ਮੈਂ ਬਚਣਾ ਨਈਓ... ਜਗੀਰ ਸਿਓ ਨੂੰ ਕਿਸੇ ਚੰਗੇ ਘਰ ਵਿਆਹੀਂ... ਵਿਹੜੇ 'ਚ ਪੋਤਰੇ ਖੇਡਣ... ਜੱਗ 'ਤੇ ਮੇਰਾ ਨਾਂ ਤੁਰਦਾ ਰਹੇ... ਉਦਾ ਬੋਲਿਆ ਅਜੇ ਵੀ ਮੇਰੇ ਕੰਨਾ 'ਚ ਸ਼ਾਂ-ਸ਼ਾ ਕਰਦਾ ਏ... ਜੱਗ ਤੇ ਉਦ੍ਹਾ ਨਾ ਕਿਵੇਂ ਤੁਰੇਗਾ?... ਕਿਵੇਂ ਤੁਰੇਗਾ ਜਗੀਰ ਸਿਓਂ ਦੇ ਪਿਉ**

**ਦਾ ਨਾਂ... ਜਗੀਰ ਸਿਓ ਦਾ ਨਾਂ...।**[7]

ਜਦੋਂ ਅਸੀਂ ਨਾਟਕ ਵਿਚਲੀ ਮਾਨਸਿਕ ਅਵਸਥਾ ਨੂੰ ਪੇਸ਼ ਕਰਦੇ ਚਿਹਨਾਂ ਦੇ ਪਿਛੇ ਕਾਰਜਸ਼ੀਲ ਨੇਮਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾ ਪਤਾ ਚੱਲਦਾ ਹੈ ਕਿ ਇਹ ਮਾਨਸਿਕ ਸੋਚ ਪੁੱਤਰ ਨੂੰ ਪਾਉਣ ਦੀ ਹੈ। ਕਿਸੇ ਵੀ ਤਰੀਕੇ ਨਾਲ। ਇਸੇ ਪ੍ਰਸੰਗ ਵਿਚ ਪਿੰਡ ਦੀ ਦਾਈ ਨਸੀਬੋ ਚੰਨੋ ਨੂੰ ਪੁੱਤਰ ਪ੍ਰਾਪਤ ਕਰਨ ਲਈ ਮਾਤਾ ਦੇ ਦਰਬਾਰ ਜਾਣ ਦੀ ਸਲਾਹ ਦਿੰਦੀ ਹੈ:

**ਨਸੀਬੋ: (ਵਰਚਾਉਂਦੀ ਹੋਈ) ਨਾਂ ਬੀਬੀ... ਬੇਉਮੀਦ ਨਾ ਹੋ! ਓਧਰ ਲੰਬਰਦਾਰਾਂ ਦੇ ਵੱਡੇ ਮੁੰਡੇ ਅੱਲ ਵੇਖ ਖਾਂ... ਉਹਦੇ ਘਰ ਛੇ ਕੁੜੀਆਂ ਹੋਈਆਂ। ਮੰਦਰ, ਗੁਰਦੁਆਰੇ, ਪੀਰ, ਫਕੀਰ... ਸਭ ਗਾਹ ਮਾਰੇ... ਪਰ ਕੁਝ ਨਾ ਬਣਿਆ। ਫੇਰ ਉਹ ਮਾਤਾ ਐ ਨਾ, ਉੱਚੇ ਮਢਿਆਲੇ ਵਾਲੀ... ਉਦ੍ਹੇ ਪੈਰੀਂ ਪਈ ਜਾ ਕੇ! ਸੁਇਐ ਬੜੀ ਪ੍ਰਤਾਪਾਂ ਵਾਲੀ ਐ ਮਾਤਾ! ਮੇਰੀ ਮੰਨੇ ਤਾਂ ਤੂੰ ਵੀ ਉਦ੍ਹੇ ਪੈਰੀਂ ਪੈ। ਬੜੀਆਂ ਰਿਧੀਆਂ ਸਿਧੀਆਂ ਨੇ ਉਸ ਘਰ ਵਿਚ... ਚੱਲੇਗੀ ਓਥੇ ।**[8]

ਚੰਨੋ ਦੀ ਮਾਨਸਿਕ ਅਵਸਥਾ ਵਿਚ ਤਰਕ ਦੀ ਕੋਈ ਥਾਂ ਨਹੀਂ ਹੈ। ਉਸ ਦੀ ਸੋਚ ਵਿਚ ਸਮਾਜ ਸਿਰਜਤ ਸਵਾਰਥ ਤੀਬਰ ਰੂਪ ਅਖ਼ਤਿਆਰ ਕਰ ਚੁੱਕਾ ਹੈ। ਉਹ ਬਸ ਆਪਣੇ ਮਨ ਦੀ ਇੱਛਾ ਪੂਰੀ ਕਰਨਾ ਚਾਹੁੰਦੀ ਹੈ। ਇਸ ਲਈ ਉਹ ਮਾਤਾ ਦੇ ਦਰਬਾਰ ਪਹੁੰਚ ਕੇ ਪੁੱਤਰ ਪ੍ਰਾਪਤ ਕਰਨ ਦੀਆਂ ਮਨੌਤਾਂ ਮੰਗਦੀ ਹੈ। ਓਹ ਕਿਸੇ ਵੀ ਮਰਿਆਦਾ ਨੂੰ ਤੋੜਨ ਤੋਂ ਨਹੀਂ ਡਰਦੀ। ਉਹ ਇਸ ਕੰਮ ਲਈ ਮੜੀਆਂ ਮਸਾਣਾਂ ਤੇ ਨਰਕਾਂ ਵਿਚ ਵੀ ਜਾਣ ਲਈ ਤਿਆਰ ਹੈ। ਉਹ ਮਾਤਾ ਦੇ ਦਰਬਾਰ ਜਾ ਕੇ ਸੰਮੋਹਨ ਦੀ ਚਰਮ ਸੀਮਾ ਤਕ ਪਹੁੰਚ ਜਾਂਦੀ ਹੈ ਅਤੇ ਆਪਣਾ ਹੋਸ਼ ਵੀ ਗਵਾਅ ਬੈਠਦੀ ਹੈ।

ਨਾਟਕ ਦੀ ਮੁੱਖ ਪਾਤਰ ਚੰਨੋ ਪੁੱਤਰ ਪ੍ਰਾਪਤੀ ਦੇ ਸੰਦਰਭ ਵਿਚ ਅਜਿਹਾ ਤੀਬਰ ਦਮਨ ਝੱਲਦੀ ਹੈ ਕਿ ਆਪਣਾ ਮਾਨਸਿਕ ਸੰਤੁਲਨ ਗਵਾਅ ਕੇ ਮਨੋਰੋਗੀ ਹੋ ਜਾਂਦੀ ਹੈ। ਚੰਨੋ ਦੁਆਰਾ ਮੰਗਤੀ ਦੇ ਬੱਚੇ ਦਾ ਬੇਰਹਮੀ ਨਾਲ ਕਤਲ ਕਰਨਾ ਇਹ ਸਾਬਿਤ ਕਰਦਾ ਹੈ ਕਿ ਚੰਨੋ ਮਾਨਸਿਕ ਰੂਪ ਵਿਚ ਬਿਮਾਰ ਹੋ ਚੁੱਕੀ ਹੈ। ਉਸ ਦੇ ਮਨ ਵਿਚਲੀ ਔਰਤ ਤਾਂ ਪਹਿਲਾਂ ਹੀ ਮਰ ਚੁੱਕੀ ਹੈ। ਉਸਦੇ ਦਿਲ ਵਿਚਲੀ ਮਮਤਾ ਖ਼ਤਮ ਹੋ ਚੁੱਕੀ ਹੈ। ਮੰਗਤੀ ਦੇ ਬੱਚੇ ਨੂੰ ਮਾਰਨ ਸਮੇਂ ਜੇਕਰ ਉਸਦੇ ਮਨ ਵਿਚਲਾ ਆਪਣੇ ਬੱਚਿਆਂ ਪ੍ਰਤੀ ਪਿਆਰ ਜਿਊਂਦਾ ਹੁੰਦਾ ਚੰਨੋ: ਹਾਂ! ਹਾਂ! ਸਭ ਠੀਕ ਹੋ ਗਿਐ! ਕਾਲੀ ਬੋਲੀ ਰਾਤ ਦੇ ਹਨ੍ਹੇਰੇ ਵਿਚ ਮੈਂ ਮਰਦ-ਬੱਚੇ ਦੀ ਬਲੀ ਦਿੱਤੀ। ਖੂਹ ਵਹਾਇਆਂ ਤੇ ਉਹਨੂੰ ਪਾਣੀ ਚ ਪਾਇਆਂ ਕਿੰਨਾ ਗਾੜ੍ਹਾ ਖ਼ੂਨ ਸੀ। ਪਾਣੀ 'ਚ ਘੁਲੇ ਈ ਨਾ। ਮੈਂ ਗੜਵੀ ਮਾਰ-ਮਾਰ ਘੋਲਿਆ। ਫਿਰ ਨਾਤੀ। ਤੇ ਨਹਾਂ ਕੇ ਇਕਦਮ ਠੰਡ ਪੈ ਗਈ... ਤੇ ਫਿਰ ਮੇਰੀ ਕੁੱਖ ਚੋ ਕੋਈ ਬੋਲਿਆ.... ਹਾਂ ਮੇਰਾ ਪੁੱਤ ਬੋਲਿਆ। ਮੇਰਾ ਪੁੱਤ ਬੋਲਿਆ ਮੇਰੀ ਕੁੱਖ ਚੋਂ। ਮੈਂ ਉਸ ਵਿੱਚ ਨਾ ਹੁੰਦੀ ਤਾਂ ਉਹ ਬੱਚੇ ਦਾ ਕਤਲ ਨਾ ਕਰ ਪਾਉਂਦੀ। ਉਹ ਆਪਣੇ ਮਨ ਵਿਚਲੀ ਮਮਤਾ ਨੂੰ ਮਾਰ ਚੁੱਕੀ ਹੈ। ਹੁਣ ਉਸਨੂੰ ਕੋਈ ਵੀ ਕੰਮ ਅਨੈਤਿਕ ਨਹੀਂ ਲੱਗਦਾ ਹੈ। ਚੰਨੋ ਦੇ ਮਨ ਦੀ ਅਵਸਥਾ ਇਸ ਪ੍ਰਕਾਰ ਹੈ:-

**ਦੀ ਆਵਾਜ ਸੁਣੀ।..... ਹਾਂ ਹੁਣ ਮੈਂ ਪੁੱਤ ਜੰਮਾਗੀ ।**[9]

ਨਾਟਕ ਵਿੱਚ ਤੇਜ ਕੌਰ ਦਾ ਵਿਰੋਧ ਵੱਧਦਾ ਜਾਂਦਾ ਹੈ ਉਹ ਪੁੱਤਰ ਨਾ ਜੰਮਣ ਵਿਚ ਆਪਣੀ ਨੂੰਹ ਦਾ ਕਸੂਰ ਮੰਨਦੀ ਹੈ ਤੇ ਆਪਣੇ ਆਪ ਨੂੰ ਬੇਭਾਗੀ ਆਖਦੀ ਹੈ। ਤੇਜ ਕੌਰ ਧੀ ਪੈਦਾ ਹੋਣ ਤੇ ਆਪਣੇ ਮਨ ਵਿਚਲੇ ਦੁਖ ਨੂੰ ਨਸੀਬੋ ਅੱਗੇ ਬਿਆਨ ਕਰਦੀ ਹੈ:

**ਨਸੀਬੋ: ਬੀਬੀ ਹੁਣ ਛੱਡ ਵੀ ਗੱਲ! ਏਦ੍ਹੇ ਪੇਕੇ ਸੁਨੇਹਾ ਭੇਜ ਦਿਉ।**

**ਤੇਜ ਕੌਰ: ਭੇਜ਼ ਦਿੰਨੇ ਆ ਫੇਰ ਆ ਜਾਊ... ਉਹ ਡਊ ਜਿਹਾ... ਇਹਦਾ ਪਿਓ! ਆਖ, ਕੋਈ ਗੱਲ ਨਹੀਂ... ਬੜੀ ਜ਼ਮੀਨ ਐ! ਵੇ ਅੱਗ ਲਾਉਣੀ ਐਂ ਜ਼ਮੀਨਾਂ ਨੂੰ... ਜੇ ਵਾਰਿਸ ਈ ਨਾ ਜੰਮਿਆ ।**[10]

ਸਾਡੇ ਸਮਾਜ ਵਿਚਲੀ ਔਰਤ ਆਪ ਵੀ ਪੁੱਤਰ ਦੀ ਪੈਦਾਇਸ਼ ਉਪਰੰਤ ਹੀ ਅਸਲ ਔਰਤ ਦਾ ਰੁਤਬਾ ਹਾਸਲ ਕਰਦੀ ਜਾਪਦੀ ਹੈ। ਭਾਵੇਂ ਪੁੱਤਰ ਪ੍ਰਾਪਤੀ ਦੀ ਲਾਲਸਾ ਮਰਦ ਦੀ ਸਵੈ-ਹਉਮੈ ਦਾ ਨਤੀਜਾ ਹੈ ਪਰ ਉਹ ਔਰਤ ਨੂੰ ਵੀ ਇਸ ਵਿਚ ਸ਼ਾਮਿਲ ਕਰਕੇ ਔਰਤ ਦੀ ਹਉਮੈ ਨਾਲ ਜੋੜ ਦਿੰਦਾ ਹੈ। ਅਜਿਹੀ ਹਉਮੈ ਤੇਜ ਕੌਰ ਵਿਚ ਨਜ਼ਰ ਆਉਂਦੀ ਹੈ।

ਸਮਾਜ ਸਭਿਆਚਾਰ ਦੇ ਦੋ-ਪਾਸਾਰੀ ਪਾਠ-ਪ੍ਰਬੰਧ ਨਾਲ ਹੀ ਸੰਬੰਧਤ ਇਸ ਨਾਟਕ ਦੀ ਅਗਲੀ ਸਹਿਜ਼ਾਦੀ ਅਰਥ ਇਕਾਈ ਮਰਦ-ਪ੍ਰਧਾਨ ਸਮਾਜ ਵਿਚ ਮਰਦ ਦੀ ਤਰਫ਼ਦਾਰੀ ਲਈ ਘੜੇ ਨੇਮ ਪ੍ਰਬੰਧ ਹਨ। ਮਰਦ ਨੂੰ ਹਮੇਸ਼ਾ ਹੀ ਮੌਜੂਦਾ ਵਿਚਾਰਧਾਰਕ ਪਰਿਪੇਖ ਨੂੰ ਔਰਤ ਦੇ ਖਿਲਾਫ਼ ਅਤੇ ਆਪਣੇ ਹੱਕ ਵਿਚ ਵਰਤਿਆ ਹੈ। ਵਾਰਿਸ ਦਾ ਜੰਮਣਾ ਸਾਡੇ ਸਮਾਜ ਦੀ ਉਸ ਪਰੰਪਰਾਵਾਦੀ ਸੋਚ ਨਾਲ ਜੁੜਦਾ ਹੈ ਜਿਥੇ ਪਿਤਾ ਦੇ ਮਰਨ ਤੋਂ ਬਾਅਦ ਜ਼ਮੀਨ ਜਾਇਦਾਦ ਦਾ ਵਾਰਿਸ ਉਸ ਦਾ ਪੁੱਤਰ ਹੀ ਬਣਦਾ ਹੈ।

ਭਾਵੇਂ ਕਿ ਨਾਟਕੀ ਪਾਠ ਵਿੱਚ ਬੱਚੇ ਦੀ ਹੱਤਿਆ ਚੰਨੋ ਕਰਦੀ ਹੈ, ਪਰ ਦਰਅਸਲ ਅਜਿਹਾ ਕਰਨ ਲਈ ਉਸਨੂੰ ਸਮਾਜਿਕ ਦਮਨ ਮਜਬੂਰ ਕਰਦਾ ਹੈ। ਇਸ ਮਨੋਵਿਗਾੜ ਦਾ ਦੋਸ਼ੀ ਸਮਾਜਿਕ ਢਾਂਚਾ ਹੈ। ਇਹ ਸਮਾਜ ਔਰਤ ਦੀ ਬਿਮਾਰ ਮਾਨਸਿਕਤਾ ਨੂੰ ਜਨਮ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਵਰਾਜਬੀਰ, ਮੱਸਿਆ ਦੀ ਰਾਤ, ਪੰਨਾ-22.
2. ਉਹੀ, ਪੰਨਾ-24.
3. ਉਹੀ, ਪੰਨਾ-30.
4. ਉਹੀ, ਪੰਨਾ-91.
5. ਉਹੀ, ਪੰਨਾ-37.
6. ਉਹੀ, ਪੰਨਾ-46-47.
7. ਉਹੀ, ਪੰਨਾ-36.
8. ਉਹੀ, ਪੰਨਾ-80.
9. ਉਹੀ, ਪੰਨਾ-92.
10. ਉਹੀ, ਪੰਨਾ-49.